a2zpapers.com

www.a2zpapers.com

**Exam. Code : 103204**
**Subject Code : 1094**

## B.A./B.Sc. 4th Semester

## PUNJABI ELECTIVE

Time Allowed—3 Hours] [Maximum Marks—100

1. (ੳ) 1701 ਤੋਂ 1900 ਈ. ਤਕ ਪੰਜਾਬੀ ਵੀਰ-ਕਾਵਿ ਦੀ ਇਤਿਹਾਸਕ ਰੂਪ-ਰੇਖਾ ਉਲੀਕੋ।

**ਜਾਂ**

1701 ਤੋਂ 1900 ਈ. ਤਕ ਪੰਜਾਬੀ ਵਿਚ ਰਚੇ ਗਏ ਭਗਤੀ-ਕਾਵਿ ਬਾਰੇ ਵਿਸਥਾਰ ਸਹਿਤ ਚਰਚਾ ਕਰੋ।

(ਅ) ਮੱਧਕਾਲੀ ਪੰਜਾਬੀ ਵਾਰਤਕ ਦੀ ਵਿਕਾਸ-ਰੇਖਾ ਉਲੀਕੋ।

**ਜਾਂ**

ਈਸਾਈ ਮਿਸ਼ਨਰੀਆਂ ਦੀ ਪੰਜਾਬੀ ਸਾਹਿਤ ਨੂੰ ਦੇਣ ਬਾਰੇ ਵਿਸਤ੍ਰਿਤ ਜਾਣਕਾਰੀ ਦਿਓ। 20+20=40

2. (ੳ) ਹੇਠ ਲਿਖੇ ਪੈਰ੍ਹੇ ਵਿਚਲੇ ਗ਼ਲਤ ਸ਼ਬਦ-ਜੋੜਾਂ ਨੂੰ ਸੋਧ ਕੇ ਲਿਖੋ :

ਲੋਕ ਸ੍ਰਕਾਰਾ ਵਲ ਇੱਜ ਤੱਕਦੇ ਹਨ ਕਿ ਉਹ ਜਿਦਗੀ ਨੂੰ ਸਰਲ, ਸੁਖਾਵੀ ਅਤੇ ਸੁਰਖਿਅਤ ਕਰਨਗੀਆ। ਅੰਤ ਹੁੰਦਾ ਇਹ ਹੈ ਕਿ ਸ੍ਰਕਾਰਾ ਲੋਕਾ ਨੂੰ ਬੰਦੀ ਬਣਾ ਲੈਦੀਆ ਹਨ। ਜਿਸ ਸ੍ਰਕਾਰ ਨੂੰ ਅਸੀ 'ਸੇਬਾ ਕਰਨ' ਲਈ ਬਨਾਉਦੇ ਹਾ, ਉਹੀ ਰਾਜ ਕਰਨ ਲਗ ਪੈਦੀ ਹੈ। 'ਸੇਬਾ' ਕਰਨ ਵਾਲੇ ਅਸ਼ਲ ਵਿਚ ਰਾਜੇ ਬਨ ਬੈਠਦੇ ਹਨ। 'ਸ੍ਰਕਾਰ ਲੋਕਾ ਦੀ ਸੇਬਕ ਹੈ' ਇਹ ਖ਼ਿਆਲ ਬੁਨਿਆਦ ਤੋ ਹੀ ਗ਼ਲਤ ਪਤ੍ਰੀਤ ਹੁਦਾ ਹੈ। ਇਹ ਸੋਚ ਕਿ ਲੋਕਾ ਨੇ ਆਪਨੀ ਰੱਖਿਆਂ ਲਈ ਸ੍ਰਕਾਰਾ ਚੁਨਨੀਆਂ ਹਨ, ਧੁਰੋ ਹੀ ਝੂਠ ਜਾਪਦੀ ਹੈ। ਜਦੋ ਆਦਿ ਮਨੁੱਖ ਮਸ਼ਾਂ ਹੀ ਆਪਨੀ ਲੋੜ ਜਿੰਨੀ ਖ਼ੁਰਾਕ ਪੈਦਾ ਕ੍ਰਦਾ ਸੀ, ਉਸ ਸਮੇ ਨਾ ਕੋਈ ਮਾਲਕ ਸੀ ਅਤੇ ਨਾ ਕੋਈ



www.a2zpapers.com www.a2zpapers.com
oad free old Question papers gndu, ptu hp board, punjab

a2zpapers.com

ਦਾਸ਼। ਸਭ ਬਾਰਬਰ ਸਨ। ਸੁਰੂ ਦੇ ਤਕੜੇ ਵਿਅਕਤੀਆਂ, ਕਬੀਲੇ ਦੇ ਸੁਦਾਰਾਂ ਅਤੇ ਨਿੱਕੀਆ ਮੋਟੀਆ ਸੁਕਾਰਾ ਨੂੰ ਸਮਜ ਆ ਗਈ ਸੀ ਕਿ ਇਨਸਾਨਾ ਨੂੰ ਪਸ਼ੂਆ ਵਾਗ ਘੇਰ ਕੇ, ਕਾਬੂ ਕਰ ਕੇ ਮਰਜ਼ੀ ਦਾ ਕਮ ਲੈਨਾ ਲਾਬਦਾਇਕ ਹੈ, ਕਿਉਂਕਿ ਹਰ ਇਨਸਾਨ ਆਪਨੀ ਨਿੱਜੀ ਲੌੜ ਨਾਲੋ ਵੱਦ ਪੈਂਦਾ ਕਰ ਸਕਦਾ ਹੈ।

(ਅ) ਹੇਠ ਲਿਖੇ ਪੈਰ੍ਹੇ ਨੂੰ ਵਿਸ਼ਰਾਮ ਚਿੰਨ੍ਹ ਲਗਾ ਕੇ ਲਿਖੋ :

ਮੈਂ ਕਿਹਾ ਤਾਂ ਸਰਦਾਰ ਸਾਹਿਬ ਤੁਹਾਨੂੰ ਕਦੀ ਕਦੀ ਇਹ ਖ਼ਿਆਲ ਵੀ ਆਉਂਦਾ ਹੋਵੇਗਾ ਕਿ ਤੁਸੀਂ ਇਹ ਜ਼ਮੀਨ ਜਾਂਗਲ਼ੀਆਂ ਤੋਂ ਚੁਰਾਈ ਹੈ ਸਰਕਾਰ ਸਾਹਿਬ ਖਿੜ ਖਿੜ ਹੱਸ ਪਏ ਮੈਂ ਫਿਰ ਪੁੱਛਿਆ ਇਹ ਜੋ ਜਾਂਗਲ਼ੀਆਂ ਵਿਚ ਰਿਵਾਜ ਹੈ ਜਦ ਤੀਕ ਕੋਈ ਗੱਭਰੂ ਚੋਰੀ ਨਾ ਕਰੇ ਉਸ ਦੇ ਸਿਰ ਤੇ ਪੱਗ ਨਹੀਂ ਬੱਝਦੀ ਉਸ ਦਾ ਵਿਆਹ ਨਹੀਂ ਹੋ ਸਕਦਾ ਇਹ ਰਿਵਾਜ ਕਿੰਨ੍ਹਾਂ ਪੁਰਾਣਾ ਹੋਵੇਗਾ ਦੋਵੇਂ ਸਿਪਾਹੀ ਮਿਲ ਕੇ ਬੋਲੇ ਹੁਣ ਜਵਾਬ ਦੇਵੋ ਸਰਦਾਰ ਸਾਹਿਬ

5+5=10

3. ਹੇਠ ਲਿਖੇ ਆਲੋਚਨਾਤਮਕ ਸੰਕਲਪਾਂ ਵਿਚੋਂ **ਦੋ** ਬਾਰੇ ਸਿਧਾਂਤਕ ਚਰਚਾ ਕਰੋ :

(ੳ) ਪ੍ਰਤੀਕ (ਅ) ਬੁਣਤੀ ਤੇ ਬਣਤਰ

(ੲ) ਰੂਪ ਤੇ ਵਸਤੂ (ਸ) ਵਿਰੇਚਨ 5+5=10

4. ਹੇਠ ਲਿਖੇ ਸਾਹਿਤ ਰੂਪਾਂ ਵਿਚੋਂ **ਦੋ** ਦੀ ਪਰਿਭਾਸ਼ਾ, ਪ੍ਰਕਿਰਤੀ ਅਤੇ ਤੱਤਾਂ ਸੰਬੰਧੀ ਵਿਸਥਾਰ ਸਹਿਤ ਲਿਖੋ :

(ੳ) ਜੰਗਨਾਮਾ

(ਅ) ਕਿੱਸਾ

(ੲ) ਕਾਫ਼ੀ। 10+10=20

5. ਪੰਜਾਬੀ ਭਾਸ਼ਾ ਦੀ ਇਤਿਹਾਸ ਰੇਖਾ ਉਲੀਕੋ।

**ਜਾਂ**

ਗੁਰਮੁਖੀ ਲਿਪੀ ਦੇ ਨਿਕਾਸ ਤੇ ਵਿਕਾਸ ਬਾਰੇ ਵਿਸਥਾਰ ਸਹਿਤ ਚਰਚਾ ਕਰੋ। 20



www.a2zpapers.com www.a2zpapers.com
oad free old Question papers gndu, ptu hp board, punjab